ਵੱਲੋਂ

ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ
(ਤਕਨੀਕੀ ਸਿੱਖਿਆ ਵਿੰਗ), ਚੰਡੀਗੜ੍ਹ।

ਸੇਵਾ ਵਿੱਚ

ਪ੍ਰਿੰਸੀਪਲ,
---------------------------
---------------------------
---------------------------

ਮੀਮੋ ਨੰ: 359-458 /ਸ-4/ਈ.ਸੀ.ਸੀ./2013 ਮਿਤੀ: 23/1/2013

ਵਿਸ਼ਾ:- ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੇ ਸਾਲ 2012-13 ਦੇ ਕਲੇਮ ਦੀ ਅਦਾਇਗੀ ਕਰਨ ਸੰਬਧੀ।

ਉਪਰੋਕਤ ਵਿਸ਼ੇ ਦੇ ਸੰਬਧ ਵਿੱਚ ਐਸ.ਸੀ ਵਿਦਿਆਰਥੀਆਂ ਦੇ ਕੇਸ ਮਿਤੀ 30.11.2012 ਤੱਕ ਮੰਗੇ ਗਏ ਸੀ ਪਰੰਤੂ ਆਪ ਦੀ ਸੰਸਥਾ ਵੱਲੋ ਇਸ ਵਿਭਾਗ ਨੂੰ ਕੋਈ ਵੀ ਕੇਸ ਪ੍ਰਾਪਤ ਨਹੀ ਹੋਇਆ ਕਿਓ ਨਾਂ ਆਪ ਦੀ ਸੰਸਥਾ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਆਰੰਭੀ ਜਾਵੇ।

ਆਪ ਨੂੰ ਮੁੜ ਤੋ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਆਪ ਦੀ ਸੰਸਥਾ ਵਿੱਚ ਉਪਰੋਕਤ ਸਕੀਮ ਅਧੀਨ ਕੋਈ ਵੀ ਐਸ.ਸੀ ਕੈਟਾਗਰੀ ਨਾਲ ਸਬੰਧਤ ਯੋਗ ਵਿਦਿਆਰਥੀ ਜੇਕਰ ਕਵਰ ਹੁੰਦਾ ਹੈ ਤਾਂ ਉਸ ਦੇ ਕਲੇਮ ਸਬੰਧੀ ਮੁਕੰਮਲ ਕੇਸ ਮਿਤੀ 31.01.2013 ਤੱਕ ਹਰ ਹਾਲਤ ਵਿੱਚ ਭੇਜਣਾ ਯਕੀਨੀ ਬਣਾਇਆ ਜਾਵੇ।ਜੇਕਰ ਮਿਤੀ 31.01.2013 ਤੋਂ ਬਾਅਦ ਕੋਈ ਵੀ ਕੇਸ ਪੈਡਿੰਗ ਰਹਿ ਜਾਂਦਾ ਹੈ ਤਾਂ ਉਸ ਦੀ ਨਿਰੋਲ ਜਿੰਮੇਵਾਰੀ ਆਪ ਦੀ ਸੰਸਥਾ ਦੀ ਹੋਵੇਗੀ ।

ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਮਿਤੀ 31.01.2013 ਤੋਂ ਬਾਅਦ ਕਿਸੇ ਵੀ ਪ੍ਰਾਈਵੇਟ ਸੰਸਥਾ ਦੇ ਯੋਗ ਉਮੀਦਵਾਰ ਦਾ ਕੇਸ ਕਿਸੇ ਅਣਗਹਿਲੀ ਕਾਰਨ ਭੇਜਣਾ ਰਹਿ ਜਾਂਦਾ ਹੈ ਤਾਂ ਉਸ ਦੇ ਕਲੇਮ ਸਬੰਧੀ ਜੁਮੇਵਾਰੀ ਸੰਸਥਾ ਦੀ ਹੋਵੇਗੀ ਅਤੇ ਜੇਕਰ ਸਰਕਾਰੀ ਕਾਲਜ ਦੇ ਯੋਗ ਵਿਦਿਆਰਥੀ ਦਾ ਕੇਸ ਭੇਜਣਾ ਰਹਿ ਜਾਂਦਾ ਹੈ ਤਾਂ ਉਸ ਦੇ ਕਲੇਮ ਸਬੰਧਤ ਪ੍ਰਿੰਸੀਪਲ ਦੀ ਨਿਜੀ ਜੁਮੇਵਾਰੀ ਹੋਵੇਗੀ।

ਇਸ ਤੋ ਇਲਾਵਾ ਉਪਰੋਕਤ ਸਬੰਧੀ ਹਰ ਸੰਸਥਾ ਇਹ ਸਰਟੀਫਿਕੇਟ ਦੇਵੇਗੀ ਕਿ ਮਿਤੀ 31.01.2013 ਤੋਂ ਬਾਅਦ ਸੰਸਥਾ ਦਾ ਕੋਈ ਐਸ.ਸੀ. ਯੋਗ ਵਿਦਿਆਰਥੀ ਦਾ ਕੇਸ ਸੰਸਥਾ ਪੱਧਰ ਤੇ ਪੈਡਿੰਗ ਨਹੀ ਹੈ।

23/1/13
ਵਧੀਕ ਡਾਇਰੈਕਟਰ
ਵਾ:ਡਾਇਰੈਕਟਰ, ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

ਨੱਥੀ/ਉਪਰੋਕਤ ਅਨੁਸਾਰ

23/1/2013

# ਸਰਟੀਫਿਕੇਟ

ਇਸ ਰਾਹੀ ਇਹ ਤਸਦੀਕ ਕੀਤਾ ਜਾਂਦਾ ਹੈ ਕਿ ਇਸ ਸੰਸਥਾ ਵਿੱਚ ਸ਼ੈਸ਼ਨ 2012-13 ਦੌਰਾਨ ਦਾਖਲ ਹੋਏ ਅਨੁਸੂਚਿਤ ਜਾਤੀ/ਪੱਛੜੀ ਸ਼੍ਰੇਣੀ ਦੇ ਯੋਗ ਵਿਦਿਆਰਥੀਆਂ ਦੇ ਪੋਸਟ ਮ੍ਰੈਟਿਕ ਸਕਾਲਰਸ਼ਿਪ ਸਕੀਮ ਅਧੀਨ ਕਲੇਮਜ਼ਾਂ ਦੀ ਅਦਾਇਗੀ ਲਈ ਆਪ ਨੂੰ ਭੇਜੇ ਜਾ ਚੁੱਕੇ ਹਨ । ਇਸ ਤੋ ਇਲਾਵਾ ਹੋਰ ਕੋਈ ਵੀ ਯੋਗ ਐਸ.ਸੀ ਉਮੀਦਵਾਰ ਦਾ ਕੇਸ ਪੈਡਿੰਗ ਨਹੀ ਹੈ ਫਿਰ ਵੀ ਜੇਕਰ ਕੋਈ ਯੋਗ ਉਮੀਦਵਾਰ ਦੇ ਕਲੇਮ ਦਾ ਕੇਸ ਭੇਜਣਾਂ ਰਹਿ ਜਾਂਦਾ ਹੈ ਤਾਂ ਉਸ ਦੇ ਕਲੇਮ ਦੀ ਅਦਾਇਗੀ ਸੰਸਥਾ ਵੱਲੋਂ ਹੀ ਬਰਦਾਸ਼ਤ ਕੀਤੀ ਜਾਵੇਗੀ।

ਪ੍ਰਿੰਸੀਪਲ/ਡਾਇਰੈਕਟਰ,

-------------------------

-------------------------

-------------------------